# ਪੰਜਾਬ ਊਰਜਾ ਵਿਕਾਸ ਏਜੰਸੀ
## ਪਲਾਟ ਨੰ. 1 ਅਤੇ 2, ਸੈਕਟਰ 33 ਡੀ, ਚੰਡੀਗੜ

# ਪਬਲਿਕ ਨੋਟਿਸ

ਸਾਵਧਾਨ ਸਾਵਧਾਨ ਸਾਵਧਾਨ

ਪੰਜਾਬ ਦੇ ਕਿਸਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਨ੍ਹਾਂ ਦਿਨਾਂ ਵਿੱਚ ਸ਼ੋਸ਼ਲ ਮੀਡੀਆ ਤੇ ਪੰਜਾਬ ਸੋਲਰ ਐਨਰਜੀ ਨਾਮ ਦੀ ਪ੍ਰਾਈਵੇਟ ਏਜੰਸੀ ਵਲੋਂ ਇਕ ਇਸ਼ਤਿਹਾਰ ਵਾਇਰਲ ਕੀਤਾ ਗਿਆ ਹੈ ਜਿਸ ਵਿੱਚ ਸੋਲਰ ਪੰਪਾਂ ਤੇ 50% ਸਬਸਿਡੀ ਦੇਣ ਬਾਰੇ ਲਿਖਿਆ ਗਿਆ ਹੈ । ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਪੰਜਾਬ ਊਰਜਾ ਵਿਕਾਸ ਏਜੰਸੀ, ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵਲੋਂ ਇਸ ਵੇਲੇ 50% ਸਬਸਿਡੀ ਦੀ ਕੋਈ ਸਕੀਮ ਨਹੀਂ ਚਲਾਈ ਜਾ ਰਹੀ ਹੈ ਅਤੇ ਕਿਸਾਨ ਇਸ ਨੂੰ ਸਰਕਾਰ ਵਲੋਂ ਚਲਾਈ ਗਈ ਸਕੀਮ ਨਾ ਸਮਝ ਲੈਣ । ਕਿਸੇ ਪ੍ਰਾਈਵੇਟ ਏਜੰਸੀ ਵਲੋਂ ਸਬਸਿਡੀ ਦੇਣ ਬਾਰੇ ਲਿਖਣਾ ਵਾਜਿਬ ਨਹੀ ਹੈ ਕਿਉਂਕਿ ਸਰਕਾਰ ਵਲੋਂ ਉਸ ਨੂੰ ਕੋਈ ਵਿੱਤੀ ਸਹਾਇਤਾ ਪ੍ਰਦਾਨ ਨਹੀ ਕੀਤੀ ਗਈ। ਅਗਰ ਕੋਈ ਕਿਸਾਨ ਉੱਕਤ ਸਕੀਮ ਅਧੀਨ ਅਪਲਾਈ ਕਰਦਾ ਹੈ ਤਾਂ ਇਸ ਸਬੰਧੀ ਸਰਕਾਰ ਜਾਂ ਪੰਜਾਬ ਊਰਜਾ ਵਿਕਾਸ ਏਜੰਸੀ ਦੀ ਕੋਈ ਜਿੰਮੇਵਾਰੀ ਨਹੀ ਹੋਵੇਗੀ।

ਪੰਜਾਬ ਸਰਕਾਰ ਵਲੋਂ ਜਦੋਂ ਵੀ ਸੋਲਰ ਪੰਪਾਂ ਦੀ ਸਕੀਮ ਜਾਰੀ ਕੀਤੀ ਜਾਵੇਗੀ ਤਾਂ ਉਸ ਸਬੰਧੀ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤੇ ਜਾਣਗੇ ਅਤੇ ਸਕੀਮ ਦੀ ਜਾਣਕਾਰੀ ਪੰਜਾਬ ਊਰਜਾ ਵਿਕਾਸ ਏਜੰਸੀ ਦੀ ਸਰਕਾਰੀ ਵੈਬਸਾਈਟ www.peda.gov.in ਤੇ ਵੀ ਦਿੱਤੀ ਜਾਵੇਗੀ।

**ਨਿਰਦੇਸ਼ਕ**